# ਤੁਸੀਂ ਆਪਣੀ ਵੋਟ ਨੂੰ ਗਿਣਤੀ ਵਿੱਚ ਕਿਵੇਂ ਪਾਉਣਾ ਹੈ

AEC Australian Electoral Commission

ਚੋਣ ਵਾਲੇ ਦਿਨ ਤੁਹਾਨੂੰ ਦੋ ਬੈਲਟ ਪੇਪਰ (ਵੋਟਾਂ) ਮਿਲਣਗੇ: ਲੋਕ ਸਭਾ ਦੀ ਚੋਣ ਲਈ **ਹਰਾ** ਅਤੇ ਸੈਨੇਟ ਲਈ **ਚਿੱਟਾ**।

## ਲੋਕ ਸਭਾ

**ਹਰੇ ਬੈਲਟ ਪੇਪਰ** ਉੱਤੇ, ਤੁਹਾਨੂੰ ਉਸ ਉਮੀਦਵਾਰ ਦੇ ਨਾਮ ਵਾਲੇ ਡੱਬੇ ਵਿਚ ਨੰਬਰ '1' ਲਿਖਣ ਦੀ ਜ਼ਰੂਰਤ ਹੈ ਜੋ ਤੁਹਾਡੀ ਪਹਿਲੀ ਪਸੰਦ ਹੈ, '2' ਆਪਣੀ ਦੂਜੀ ਪਸੰਦ ਦੇ ਡੱਬੇ ਵਿਚ ਅਤੇ ਇਸ ਤਰ੍ਹਾਂ ਉਦੋਂ ਤੱਕ ਜਾਰੀ ਰੱਖੋ, ਜਦੋਂ ਤਕ ਤੁਸੀਂ ਹਰੇਕ ਡੱਬੇ ਵਿੱਚ ਨੰਬਰ ਨਹੀਂ ਭਰ ਦਿੰਦੇ।

ਆਪਣੀ ਵੋਟ ਨੂੰ ਗਿਣੇ ਜਾਣ ਲਈ ਤੁਹਾਨੂੰ **ਹਰੇਕ ਡੱਬੇ** ਵਿੱਚ ਨੰਬਰ ਭਰਨਾ ਹੋਵੇਗਾ।




ਬੈਲਟ ਪੇਪਰ (ਵੋਟ) ਦਾ ਨਮੂਨਾ

## ਸੈਨੇਟ

**ਚਿੱਟੇ ਬੈਲਟ ਪੇਪਰ** ਉੱਤੇ ਤੁਸੀਂ ਲਾਈਨ ਦੇ ਉੱਪਰ ਜਾਂ ਹੇਠਾਂ ਵੋਟ ਪਾਉਣ ਦੀ ਚੋਣ ਕਰ ਸਕਦੇ ਹੋ।




### ਜਾਂ ਤਾਂ ਲਾਈਨ ਦੇ ਉੱਪਰ

ਜੇ ਤੁਸੀਂ ਲਾਈਨ ਤੋਂ ਉੱਪਰ ਵੋਟ ਪਾਉਂਦੇ ਹੋ,ਤਾਂ ਤੁਹਾਨੂੰ 1 ਤੋਂ 6 ਤੱਕ **ਘੱਟੋ ਘੱਟ 6 ਡੱਬਿਆਂ** ਵਿੱਚ ਨੰਬਰ ਲਿਖਣੇ ਪੈਣਗੇ।

ਉਸ ਪਾਰਟੀ ਜਾਂ ਸਮੂਹ ਦੇ ਡੱਬੇ ਵਿਚ ਇੱਕ ਨੰਬਰ '1' ਭਰੋ ਜੋ ਤੁਹਾਡੀ ਪਹਿਲੀ ਪਸੰਦ ਹੈ, '2' ਆਪਣੀ ਦੂਜੀ ਪਸੰਦ ਦੇ ਪਾਰਟੀ ਜਾਂ ਸਮੂਹ ਵਾਲੇ ਡੱਬੇ ਵਿਚ ਅਤੇ ਇਸ ਤਰ੍ਹਾਂ ਉਦੋਂ ਤੱਕ ਜਾਰੀ ਰੱਖੋ, ਜਦੋਂ ਤਕ ਤੁਸੀਂ ਘੱਟੋ ਘੱਟ ਛੇ ਡੱਬਿਆਂ ਵਿੱਚ ਨੰਬਰ ਨਹੀਂ ਲਿਖ ਦੇਂਦੇ। ਤੁਸੀਂ ਆਪਣੀ ਲਾਈਨ ਦੇ ਉਪਰਲੇ ਜਿੰਨੇ ਵੀ ਡੱਬੇ ਹਨ ਉਹਨਾਂ ਤੇ ਨੰਬਰ ਲਗਾਉਣਾ ਜਾਰੀ ਰੱਖ ਸਕਦੇ ਹੋ।




ਬੈਲਟ ਪੇਪਰਾਂ (ਵੋਟਾਂ) ਦਾ ਨਮੂਨਾ

### ਜਾਂ ਲਾਈਨ ਦੇ ਹੇਠਾਂ

ਜੇ ਤੁਸੀਂ ਲਾਈਨ ਤੋਂ ਹੇਠਾਂ ਵੋਟ ਪਾਉਂਦੇ ਹੋ, ਤਾਂ ਤੁਹਾਨੂੰ 1 ਤੋਂ 12 ਤਕ **ਘੱਟੋ ਘੱਟ 12 ਡੱਬਿਆਂ** ਵਿੱਚ ਨੰਬਰ ਲਿਖਣੇ ਪੈਣਗੇ।

ਉਸ ਉਮੀਦਵਾਰ ਦੇ ਡੱਬੇ ਵਿਚ ਇੱਕ ਨੰਬਰ '1' ਭਰੋ ਜੋ ਤੁਹਾਡੀ ਪਹਿਲੀ ਪਸੰਦ ਹੈ, '2' ਆਪਣੀ ਦੂਜੀ ਪਸੰਦ ਦੇ ਉਮੀਦਵਾਰ ਦੇ ਡੱਬੇ ਵਿਚ ਅਤੇ ਇਸ ਤਰ੍ਹਾਂ ਉਦੋਂ ਤੱਕ ਜਾਰੀ ਰੱਖੋ, ਜਦੋਂ ਤਕ ਤੁਸੀਂ ਘੱਟੋ ਘੱਟ 12 ਬਕਸਿਆਂ ਵਿੱਚ ਨੰਬਰ ਨਹੀਂ ਲਿਖ ਦੇਂਦੇ। ਤੁਸੀਂ ਆਪਣੀ ਲਾਈਨ ਦੇ ਹੇਠਾਂ ਜਿੰਨੇ ਵੀ ਡੱਬੇ ਹਨ ਉਹਨਾਂ ਤੇ ਨੰਬਰ ਲਗਾਉਣਾ ਜਾਰੀ ਰੱਖ ਸਕਦੇ ਹੋ।

**ਜੇ ਤੁਸੀਂ ਕੋਈ ਗਲਤੀ ਕਰ ਲੈਂਦੇ ਹੋ ਤਾਂ ਚਿੰਤਾ ਨਾ ਕਰੋ।**
ਤੁਸੀਂ ਇਕ ਹੋਰ ਬੈਲਟ ਪੇਪਰ ਮੰਗ ਸਕਦੇ ਹੋ ਅਤੇ ਦੁਬਾਰਾ ਤੋਂ ਸ਼ੁਰੂ ਕਰ ਸਕਦੇ ਹੋ।



ਚੋਣ ਕਮਿਸ਼ਨਰ, ਕੈਨਬਰਾ ਦੁਆਰਾ ਅਧਿਕਾਰਤ | Authorised by the Electoral Commissioner, Canberra